# ਟੋਪਿਰਾਮੇਟ (ਟੋਪੋਮੈਕਸ)

## ਕਿਸ ਤਰ੍ਹਾਂ ਕੰਮ ਕਰਦਾ ਹੈ:

ਟੋਪਿਰਾਮੇਟ ਤੁਹਾਡੇ ਦਿਮਾਗੀ ਨਸਾਂ ਪਰਣਾਲੀ (ਨਰਵੱਸ ਸਿੱਸਟਮ) ਨੂੰ ਸ਼ਾਂਤ ਕਰਨ ਦਾ ਕੰਮ ਕਰਦੀ ਹੈ। ਸ਼ਰਾਬ ਪੀਣ ਦੀ ਸਮੱਸਿਆ ਨਾਲ ਨਜਿੱਠਣ ਲਈ ਟੋਪਿਰਾਮੇਟ ਦੀ ਵਰਤੋਂ ਨੂੰ ਹੈਲਥ ਕੈਨੇਡਾ ਵੱਲੋਂ ਹਜੇ ਮਨਜ਼ੂਰੀ ਨਹੀਂ ਮਿਲੀ ਹੈ। ਤੁਹਾਡਾ ਡਾਕਟਰ ਜਾਂ ਨਰਸ ਇਸ ਨੂੰ ਨੁਸਖੇ ਵਜੋਂ ਦੇ ਸਕਦੇ ਹਨ ਪਰ ਇਸ ਨੂੰ "ਆਫ-ਲੇਬਲ" ਕਿਹਾ ਜਾਂਦਾ ਹੈ।

## ਕੀ ਤਵੋਕੋ ਕਰਨੀ ਚਾਹੀਦੀ ਹੈ?:

- ਬਹੁਤੇ ਲੋਕ ਮੰਨਦੇ ਹਨ ਕਿ ਟੋਪਿਰਾਮੇਟ ਦੇ ਕੁਝ ਅਸਿੱਧੇ ਨਾਂਹ ਪੱਖੀ ਅਸਰ ਹੁੰਦੇ ਹਨ। ਅਸਿੱਧੇ ਨਾਂਹ ਪੱਖੀ ਅਸਰ ਦੀ ਸੰਭਾਵਨਾ ਨੂੰ ਘਟਾਉਣ ਲਈ ਤੁਹਾਡਾ ਮਾਹਿਰ ਤੁਹਾਡੀ ਟੋਪਿਰਾਮੇਟ ਦੀ ਮਾਤਰਾ 5-8 ਹਫ਼ਤਿਆਂ ਦੌਰਾਨ ਬਹੁਤ ਹੌਲੀ-ਹੌਲੀ ਵਧਾ ਸਕਦਾ ਹੈ।
- ਕੁਝ ਲੋਕਾਂ ਨੂੰ ਲਗਦਾ ਹੈ ਕਿ ਟੋਪਿਰਾਮੇਟ ਨੂੰ ਥੈਰੇਪੀ (ਜਿਵੇਂ ਕਿ ਕੌਂਸਲਿੰਗ ਜਾਂ ਆਪਸੀ ਮਦਦ ਸਮੂੰਹਾਂ) ਸਮੇਤ ਟੋਪਿਰਾਮੇਟ ਦੀ 100ਮਗ ਤੋਂ ਘੱਟ ਦੀ ਮਾਤਰਾ ਨਾਲ ਵੀ ਹੋਰ ਵਧੀਆ ਕੰਮ ਕਰਦਾ ਹੈ।
- ਕੁਝ ਲੋਕ ਕਹਿੰਦੇ ਹਨ ਕਿ ਕਿਸੇ ਹੋਰ ਲਈ ਨਹੀਂ ਬਲਕਿ ਆਪਣੇ ਆਪ ਲਈ ਸ਼ਰਾਬ ਛੱਡਣ ਜਾਂ ਘੱਟ ਕਰਨ ਦਾ ਫੈਸਲਾ ਕਰਨਾ ਜ਼ਿਆਦਾ ਸਫਲ ਹੋ ਸਕਦਾ ਹੈ।
- ਤੁਸੀਂ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਸਾਂਝੇ ਤੌਰ 'ਤੇ ਫੈਸਲਾ ਕਰੋਗੇ ਕਿ ਤੁਸੀਂ ਟੋਪਿਰਾਮੇਟ ਕਿੰਨੀ ਦੇਰ ਲਈ ਲੈਣੀ ਹੈ।

## ਅਸਿੱਧੇ ਨਾਂਹ ਪੱਖੀ ਅਸਰ:

- ਟੋਪਿਰਾਮੇਟ ਦੇ ਅਸਿੱਧੇ ਨਾਂਹ ਪੱਖੀ ਅਸਰ ਆਮ ਹਨ ਖਾਸ ਕਰਕੇ ਜਦੋਂ ਵਾਧੂ ਮਾਤਰਾ ਨਾਲ ਵਰਤੋ ਹੁੰਦੀ ਹੈ।
- ਆਮ ਅਸਰ: ਧਿਆਨ ਕੇਂਦਰਿਤ ਕਰਨ'ਚ ਮੁਸਕਿਲ, ਥਕਾਵਟ, ਸੂਈਆਂ ਚੁਭਣੀਆਂ।
- ਥੋੜ੍ਹਿਆਂ 'ਤੇ ਅਸਰ: ਚੱਕਰ ਆਉਣੇ, ਖੁਜਲੀ, ਬੇਚੈਨੀ।

## ਟੋਪਿਰਾਮੇਟ ਦੀ ਚੋਣ ਕਿਉਂ ਕਰੀਏ?

- ਇਹ ਜ਼ਿਆਦਾ ਸ਼ਰਾਬ ਪੀਣ ਨੂੰ ਘਟਾਉਣ ਵਿੱਚ ਅਤੇ ਲੋਕਾਂ ਨੂੰ ਪਰਹੇਜ਼ ਕਰਨ ਵਿੱਚ ਮਦਦ ਕਰਦਾ ਹੈ।
- ਜਿਗਰ ਦੀ ਬੀਮਾਰੀ ਵਾਲੇ ਲੋਕਾਂ ਲਈ ਸੁਰੱਖਿਅਤ ਹੋ ਸਕਦਾ ਹੈ।
- ਜੇ ਤੁਸੀਂ ਇਹ ਦਵਾਈ ਲੈਣ ਦੌਰਾਨ ਸ਼ਰਾਬ ਪੀਂਦੇ ਹੋ ਤਾਂ ਵੀ ਇਹ ਤੁਹਾਨੂੰ ਬੀਮਾਰੀ ਦਾ ਅਹਿਸਾਸ ਨਹੀਂ ਕਰਾਉਂਦਾ।
- ਜੇਕਰ ਤੁਹਾਡੇ ਲਈ ਹੋਰ ਦਵਾਈਆਂ (ਜਿਵੇਂ ਕਿ ਅਕੈਂਪ੍ਰੋਸੇਟ ਜਾਂ ਨਾਲਟ੍ਰੈਕਸੋਨ) ਅਸਰਦਾਰ ਨਾ ਹੋਈਆਂ ਹੋਣ ਤਾਂ ਇਸਨੂੰ ਅਜ਼ਮਾਇਆ ਜਾ ਸਕਦਾ ਹੈ।

## ਮਾਤਰਾ:

- ਆਮ ਤੌਰ 'ਤੇ ਟੋਪਿਰਾਮੇਟ ਦਿਨ ਵਿੱਚ 2 ਵਾਰ ਲਈ ਜਾਂਦੀ ਹੈ।
- ਪਹਿਲੇ ਹਫ਼ਤੇ ਦੌਰਾਨ, ਤੁਸੀਂ 25ਮਗ ਦੀ ਮਾਤਰਾ ਦਿਨ ਵਿੱਚ ਇੱਕ ਵਾਰ ਤੋਂ ਸ਼ੁਰੂ ਕਰੋਗੇ।
- ਦੂਜੇ ਅਤੇ ਤੀਜੇ ਹਫ਼ਤੇ ਦੌਰਾਨ, ਤੁਸੀਂ 25 ਮਗ ਦੀ ਮਾਤਰਾ ਦਿਨ ਵਿੱਚ 2 ਵਾਰ ਲਵੋਂਗੇ।
- ਤੀਜੇ ਅਤੇ ਚੋਥੇ ਹਫ਼ਤੇ ਦੌਰਾਨ, ਤੁਸੀਂ 50 ਮਗ ਦੀ ਮਾਤਰਾ ਦਿਨ ਵਿੱਚ 2 ਵਾਰ ਲਵੋਂਗੇ। ਇਸ ਤਰ੍ਹਾਂ ਕੁੱਲ ਮਾਤਰਾ ਹਰ ਰੋਜ਼ 100 ਮਗ ਹੁੰਦੀ ਹੈ।
- ਤੁਸੀਂ 100 ਮਗ ਤੋਂ ਜ਼ਿਆਦਾ ਜਾਂ ਘੱਟ ਲੈ ਸਕਦੇ ਹੋ, ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਕੰਮ ਕਰਦਾ ਹੈ।
- ਟੋਪਿਰਾਮੇਟ ਗੋਲੀ ਜਾਂ ਕੈਪਸੂਲ ਦੇ ਰੂਪ ਵਿੱਚ ਮਿਲਦਾ ਹੈ। ਕੈਪਸੂਲ ਨੂੰ ਖੋਲ੍ਹ ਕੇ ਹਲਕੇ ਖਾਣੇ ਤੇ ਛਿੜਕਿਆ ਜਾ ਸਕਦਾ ਹੈ। ਇਸ ਤਰ੍ਹਾਂ ਕੁਝ ਲੋਕਾਂ ਨੂੰ ਇਸ ਨੂੰ ਨਿਗਲਣਾ ਆਸਾਨ ਹੋ ਜਾਂਦਾ ਹੈ।

## ਖਤਰਾ:

- ਟੋਪਿਰਾਮੇਟ ਦੀ ਸਿਫਾਰਿਸ਼ ਸ਼ਾਇਦ ਨਾਂ ਕੀਤੀ ਜਾਵੇ ਜੇ:
  - ਤੁਹਾਨੂੰ "ਨੈਰੋ ਐਂਗਲ" ਨਾਮਕ ਦਾ ਗੰਭੀਰ ਕਿਸਮ ਦਾ "ਗਲੋਕੋਮਾ" ਹੈ।
  - ਤੁਸੀਂ ਕਿਡਨੀ 'ਚ ਪੱਥਰੀ ਨਾਲ ਪੀੜਤ ਹੋ।
  - ਤੁਸੀਂ ਗਰਭਵਤੀ ਹੋ।
- ਤੁਹਾਡਾ ਸਿਹਤ ਸੰਭਾਲ ਮਾਹਿਰ ਟੋਪਿਰਾਮੇਟ ਨਾਲ ਪੈਦਾ ਹੋ ਸਕਣ ਵਾਲੇ ਜਿਗਰਾ ਜਾਂ ਗੁਰਦੇ ਦੇ ਲਛਣਾਂ ਬਾਰੇ ਜਾਂਚ ਕਰ ਸਕਦਾ ਹੈ।

## ਲਾਗਤ:

ਗੋਲੀ ਦੇ ਰੂਪ ਵਿੱਚ ਟੋਪਿਰਾਮੇਟ ਜ਼ਿਆਦਾਤਰ ਸੂਬਿਆਂ ਵਿੱਚ ਕਵਰ ਕੀਤਾ ਜਾਂਦਾ ਹੈ। ਸਪ੍ਰਿੰਕਲ ਕੈਪਸੂਲਾਂ ਦਾ ਕੁਝ ਸੂਬਿਆਂ ਵਿੱਚ ਸੀਮਿਤ ਕਵਰੇਜ਼ ਹੈ। ਖਰਚ ਅਤੇ ਕਵਰੇਜ਼ ਦੇ ਵੇਰਵਿਆਂ ਨੂੰ ਜਾਨਣ ਲਈ ਆਪਣੀ ਸਕੀਮ ਦੀ ਜਾਂਚ ਕਰੋ।